## ਪੰਜਾਬ ਵਿਧਾਨ ਸਭਾ ਸਕੱਤਰੇਤ

ਬੁੱਧਵਾਰ, ਮਿਤੀ 10 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

### ਗੁਲਾਹੜ ਡਰੇਨ ਨੂੰ ਬਣਾਉਣਾ

*3135. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ**:-ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਘੱਗਰ ਦੇ ਪਾਣੀ ਦੀ ਮਾਰ ਹੋਣ ਕਾਰਨ ਗੁਲਾਹੜ ਡਰੇਨ (ਆਊਟ ਲੈਟ ਇਨ ਟੂ ਘੱਗਰ ਰਿਵਰ) ਨੂੰ ਬਣਾਉਣ ਤੇ ਵਿਚਾਰ ਕਰੇਗੀ ਅਤੇ ਕੀ ਇਸ ਵਾਸਤੇ ਚਾਲੂ ਵਿੱਤੀ ਸਾਲ ਦੌਰਾਨ ਬਜਟ ਉਪਬੰਧ ਕੀਤਾ ਜਾਵੇਗਾ?

### ਹਲਕਾ ਬੱਲੂਆਣਾ ਵਿੱਚ ਸਾਲ 2020 ਦੌਰਾਨ ਆਏ ਹੜ੍ਹਾਂ ਅਤੇ ਸੇਮ ਦੇ ਕਾਰਨ ਹੋਏ ਫਸਲਾਂ ਦੇ ਨੁਕਸਾਨ ਦਾ ਮੁੱਲਾਂਕਣ ਕਰਨਾ

*3142. **ਸ਼੍ਰੀ ਨੱਥੂ ਰਾਮ, ਐਮ.ਐਲ.ਏ**:-ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਨੇ ਬੱਲੂਆਣਾ ਹਲਕੇ ਵਿੱਚ ਪਿਛਲੇ ਸਾਲ 2020 ਵਿੱਚ ਬਰਸਾਤੀ ਮੌਸਮ ਦੌਰਾਨ ਆਏ ਹੜ੍ਹਾਂ ਅਤੇ ਸੇਮ ਦੇ ਕਾਰਨ ਫਸਲਾਂ ਦੇ ਨੁਕਸਾਨ ਦਾ ਮੁਲਾਂਕਣ ਕੀਤਾ ਹੈ; ਜੇਕਰ ਕੀਤਾ ਹੈ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਪ੍ਰਭਾਵਿਤ ਪਿੰਡਾਂ ਅਤੇ ਖੇਤਰਾਂ ਦੇ ਨਾਂ ਕੀ ਹਨ;

ਅ) ਕੀ ਸਰਕਾਰ ਨੇ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਨੂੰ ਕੋਈ ਮੁਆਵਜ਼ਾ ਦਿੱਤਾ ਹੈ, ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਸਰਕਾਰ ਵੱਲੋਂ ਮੁਆਵਜ਼ਾ ਫਿਕਸ ਕਰਨ ਲਈ ਅਪਣਾਏ ਗਏ ਮਾਪਦੰਡ/ਨਿਯਮ ਕੀ ਹਨ;

ੲ) ਕੀ ਉਪਰੋਕਤ ਵਰਣਿਤ ਹੜ੍ਹਾਂ ਵਿੱਚ ਇਸ ਖੇਤਰ ਦੇ ਜਿਨ੍ਹਾਂ ਪਿੰਡਾਂ ਦੇ ਵਸਨੀਕਾਂ ਦੇ ਘਰ ਨੁਕਸਾਨੇ ਗਏ ਸਨ, ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਗਿਆ ਹੈ; ਜੇਕਰ ਦਿੱਤਾ ਹੈ, ਤਾਂ ਇਸ ਦੇ ਵੇਰਵੇ ਕੀ ਹਨ;

ਸ) ਕੀ ਸਰਕਾਰ ਭਵਿੱਖ ਵਿੱਚ ਇਨ੍ਹਾਂ ਖੇਤਰਾਂ ਵਿੱਚ ਹੜ੍ਹਾਂ ਅਤੇ ਸੇਮ ਦੇ ਪ੍ਰਭਾਵਾਂ ਨੂੰ ਰੋਕਣ ਅਤੇ ਇਸ ਸਮੱਸਿਆ ਲਈ ਕੋਈ ਪੱਕਾ ਹੱਲ ਲੱਭਣ ਲਈ ਕੋਈ ਮੁੱਖ ਯੋਜਨਾ (ਮਾਸਟਰ ਪਲਾਨ) ਬਣਾਏਗੀ?

### ਰਾਏਕੋਟ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰ ਦੀ ਘਾਟ ਪੂਰੀ ਕਰਨਾ

*3215. **ਸਰਦਾਰ ਜਗਤਾਰ ਸਿੰਘ ਜੱਗਾ, ਐਮ.ਐਲ.ਏ**:-ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਰਾਏਕੋਟ ਦੇ ਸਰਕਾਰੀ ਹਸਪਤਾਲ ਰਾਏਕੋਟ ਵਿੱਚ ਜੋ ਡਾਕਟਰ ਦੀ ਘਾਟ ਹੈ, ਉਸ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

### ਹਲਕਾ ਗਿੱਲ ਵਿੱਚ ਪੈਂਦੇ ਸਕੂਲਾਂ ਨੂੰ ਅੱਪਗ੍ਰੇਡ ਕਰਨਾ

*3310. **ਸਰਦਾਰ ਕੁਲਦੀਪ ਸਿੰਘ ਵੈਦ, ਐਮ.ਐਲ.ਏ.**:ਕੀ ਸਿੱਖਿਆ ਮੰਤਰੀ ਦੱਸਣਗੇ ਕਿ:-

ੳ) ਵਿਧਾਨ ਸਭਾ ਹਲਕਾ ਗਿੱਲ ਵਿੱਚ ਪੈਂਦੇ ਸਕੂਲਾਂ ਜਿਨ੍ਹਾਂ ਦੀ ਮਹੱਤਤਾ ਅਤੇ ਪਿੰਡਾਂ ਦੀ ਅਬਾਦੀ ਨੂੰ ਦੇਖਦੇ ਹੋਏ ਅਪਗ੍ਰੇਡ ਕਰਨਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਦੀ ਲਿਸਟ ਪਹਿਲਾਂ ਹੀ ਸਿੱਖਿਆ ਮਹਿਕਮੇ ਨੂੰ ਭੇਜੀ ਜਾ ਚੁੱਕੀ ਹੈ, ਇਨ੍ਹਾਂ ਨੂੰ ਕਦੋਂ ਨੂੰ ਕਦੋਂ ਤੱਕ ਅੱਪਗ੍ਰੇਡ ਕੀਤਾ ਜਾ ਰਿਹਾ ਹੈ;

ਅ) ਜਿਨ੍ਹਾਂ ਸਕੂਲਾਂ ਵਿੱਚ ਅਸਾਮੀਆਂ ਖਾਲੀ ਹਨ, ਉਨ੍ਹਾਂ ਨੂੰ ਕਦੋਂ ਤੱਕ ਭਰਿਆ ਜਾਵੇਗਾ;

ੲ) ਜਿਹੜੇ ਸਕੂਲ ਹਾਲੇ ਤੱਕ ਸਮਾਰਟ ਸਕੂਲ ਨਹੀਂ ਘੋਸ਼ਿਤ ਕੀਤੇ ਗਏ, ਉਨ੍ਹਾਂ ਨੂੰ ਬਾਕੀ ਸਮਾਰਟ ਸਕੂਲਾਂ ਦੀ ਤਰਜ ਤੇ ਕਦੋਂ ਸਮਾਰਟ ਸਕੂਲ ਬਣਾਇਆ ਜਾਵੇਗਾ?

### ਮਾਰਚ 2017 ਤੋਂ ISB Industry Promotion ਦੌਰਾਨ ਸਾਇਨ ਕੀਤ M.O.U.

*3040. **ਸ਼੍ਰੀ ਐਨ.ਕੇ.ਸ਼ਰਮਾ, ਐਮ.ਐਲ.ਏ.**:- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ, 2017 ਤੋਂ ਬਾਅਦ ISB Industry Promotion ਦੌਰਾਨ ਰਾਜ ਸਰਕਾਰ ਵੱਲੋਂ ਕਿੰਨੇ ਐਮ.ਓ.ਯੂ ਸਾਇਨ ਕੀਤੇ ਹਨ ਤੇ ਇੰਡਸਟਰਿਲਿਸਟਾਂ ਵੱਲੋਂ ਕੁੱਲ ਕਿੰਨੀ ਇੰਨਵੈਸਟਮੈਂਟ ਕੀਤੀ ਗਈ ਅਤੇ ਇਸ ਦੇ ਨਤੀਜੇ ਵਜੋਂ ਰਾਜ ਵਿੱਚ ਕਿੰਨੀ ਇੰਮਪਲਾਈਮੈਂਟ ਜ਼ਰਨੇਟ ਹੋਈ; ਵੇਰਵੇ ਸਹਿਤ ਦੱਸਿਆ ਜਾਵੇ?

### ਜੋਧਪੁਰ ਕੈਂਚੀਆਂ ਤੋਂ ਮੌੜ ਖੁਰਦ ਤੱਕ ਸੜਕ ਤੇ ਪ੍ਰੀਮਿਕਸ ਪਾਉਣਾ

*3050. **ਸਰਦਾਰ ਜਗਦੇਵ ਸਿੰਘ ਕਮਾਲੂ, ਐਮ.ਐਲ.ਏ.** :- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹੀਦ ਬਨਵਾਰੀ ਲਾਲ ਮਾਰਗ ਸੜਕ ਜੋ ਜੋਧਪੁਰ ਕੈਂਚੀਆਂ (ਮੌੜ ਮੰਡੀ) ਤੋਂ ਮੌੜ ਖੁਰਦ ਤੱਕ ਬਣੀ ਸੀ ਜੋਕਿ ਨਗਰ ਕੌਂਸਲ ਮੌੜ ਦੇ ਅਧੀਨ ਆਉਂਦੀ ਹੈ, ਜਿਸ ਨੂੰ ਦੁਬਾਰਾ ਸਾਲ 2016 ਵਿੱਚ ਬਣਾਉਣਾ ਸੀ, ਪਰ ਮੋਟਾ ਪੱਥਰ ਪਾ ਕੇ ਹੀ ਉਸ ਨੂੰ ਵਿਚਾਲੇ ਹੀ ਛੱਡ ਦਿੱਤਾ ਅਤੇ ਲੱਗਭਗ 5 ਸਾਲ ਬੀਤ ਜਾਣ ਤੇ ਵੀ ਪ੍ਰੀਮਿਕਸ ਨਹੀਂ ਪਾਇਆ ਗਿਆ ਜਿਸ ਕਾਰਨ ਮੋਟੇ ਪੱਥਰਾਂ ਤੋਂ ਹੋ ਕੇ ਗੁਜ਼ਰਨਾ ਅਤੇ ਪੈਦਲ ਜਾਣਾ ਵੀ ਸਥਾਨਕ ਲੋਕਾਂ ਲਈ ਬਹੁਤ ਮੁਸ਼ਕਿਲ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਤੇ ਕਦੋਂ ਤੱਕ ਪ੍ਰੀਮਿਕਸ ਪਾ ਦਿੱਤਾ ਜਾਵੇਗਾ?

### ਹੁਸ਼ਿਆਰਪੁਰ ਦੇ ਬਲਾਕ 2 ਵਿੱਚ ਪੰਚਾਇਤ ਸਕੱਤਰਾਂ ਦੀਆਂ ਅਸਾਮੀਆਂ

*3169. **ਡਾਕਟਰ ਰਾਜ ਕੁਮਾਰ ਚੱਬੇਵਾਲ ,ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਦੁਆਰਾ ਇਕ ਤੋਂ ਵੱਧ ਪਿੰਡਾਂ ਵਿੱਚ ਇਕ ਪੰਚਾਇਤ ਸਕੱਤਰ ਨਿਯੁੱਕਤ ਕਰਨ ਲਈ ਸਰਕਾਰ ਦਾ ਕੀ ਨਾਰਮ ਹੈ;

ਅ) ਮੌਜੂਦਾ ਸਮੇਂ ਹੁਸ਼ਿਆਰਪੁਰ ਬਲਾਕ 2 ਵਿੱਚ ਤਾਇਨਾਤ ਪੰਚਾਇਤ ਸਕੱਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

ੲ) ਹੁਸ਼ਿਆਰਪੁਰ ਬਲਾਕ 2 ਵਿੱਚ ਪੰਚਾਇਤ ਸਕੱਤਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ ਅਤੇ ਇਸ ਲਈ ਕਿੰਨਾਂ ਸਮਾਂ ਲੱਗਣ ਦੀ ਸੰਭਾਵਨਾ ਹੈ?

### ਧੂਰੀ ਵਿਖੇ ਸਰਵਪੱਖੀ ਸਟੇਡੀਅਮ ਬਣਾਉਣਾ

*3233. **ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ**:- ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਧੂਰੀ ਵਿੱਚ ਕੋਈ ਵੀ ਸਰਵਪੱਖੀ ਸਟੇਡੀਅਮ ਨਹੀਂ ਬਣਿਆ ਹੋਇਆ; ਜੇਕਰ ਅਜਿਹਾ ਹੋਵੇ ਤਾਂ ਇਥੇ ਸਰਵਪੱਖੀ ਸਟੇਡੀਅਮ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

### ਹਲਕਾ ਗਿੱਲ ਵਿਖੇ ਬੱਸ ਸਰਵਿਸ ਦੀ ਸਮੱਸਿਆ

*3309. **ਸਰਦਾਰ ਕੁਲਦੀਪ ਸਿੰਘ ਵੈਦ, ਐਮ.ਐਲ.ਏ.**:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਗਿੱਲ ਵਿੱਚ ਕਈ ਮਹੱਤਵਪੂਰਨ ਰੂਟਾਂ ਉੱਪਰ ਨਾ ਮਾਤਰ ਬੱਸ ਸੇਵਾ ਹੋਣ ਕਾਰਨ ਪੇਸ਼ ਆ ਰਹੀ ਸਮੱਸਿਆ ਨੂੰ ਦੂਰ ਕਰਨ ਲਈ ਮਹਿਕਮੇ ਵੱਲੋਂ ਕਿੰਨੇ ਹੋਰ ਰੂਟਾਂ ਉੱਪਰ ਬੱਸ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ?

### ਪਟਿਆਲਾ ਦੇ ਕਿਸਾਨਾਂ ਨੂੰ ਸਿੰਚਾਈ ਲਈ ਨਹਿਰੀ ਪਾਣੀ ਦੇਣਾ

*2957. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਜ਼ਿਲ੍ਹਾ ਪਟਿਆਲਾ ਦੇ ਕਿਸਾਨਾਂ ਨੂੰ ਸਿੰਚਾਈ ਲਈ ਕਿੰਨੇ ਕਿਊਸਿਕ ਨਹਿਰੀ ਪਾਣੀ ਦਿੱਤਾ ਜਾਂਦਾ ਹੈ, ਕੀ ਜ਼ਿਲ੍ਹੇ ਨੂੰ ਦਿੱਤੇ ਜਾਂਦੇ ਨਹਿਰੀ ਪਾਣੀ ਦੀ ਮਾਤਰਾ ਨੂੰ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਪਰਤੋਂ ਜੀ.....

**ਹਿੱਸੇਦਾਰਾਂ ਵਿਚਕਾਰ ਖੇਤੀਬਾੜੀ ਯੋਗ ਜ਼ਮੀਨ ਵੰਡਣ ਦੀ ਵਿਧੀ**

*3275. **ਸਰਦਾਰ ਲਖਵੀਰ ਸਿੰਘ, ਐਮ.ਐਲ.ਏ.**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮਾਲ ਐਕਟ ਵਿੱਚ ਸੋਧ ਕਰਨ ਲਈ ਅਤੇ ਮੁਸਤਰਕਾ ਮਾਲਕਾਨਾ (ਸਾਂਝੇ ਪਰਿਵਾਰਾਂ ਦੀ ਸਾਂਝੀ ਜ਼ਮੀਨ) ਹਿੱਸੇਦਾਰਾਂ ਵਿਚਕਾਰ ਖੇਤੀਬਾੜੀ ਯੋਗ ਜ਼ਮੀਨ ਨੂੰ ਵੰਡਣ ਦੀ ਵਿਧੀ ਨੂੰ ਸਰਲ ਬਣਾਉਣ ਲਈ ਤੁਰੰਤ ਕਦਮ ਚੁੱਕੇਗੀ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ?

**ਵਿਲਵਾਂ-ਤੱਲਣ ਰੋਡ ਚੌੜਾ ਕਰਨਾ**

*3262. **ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ**:-ਕੀ ਲੋਕ ਨਿਰਮਾਣ (ਭ ਤੇ ਮ) ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਲੰਧਰ ਸ਼ਹਿਰ ਦੇ ਨਜ਼ਦੀਕ ਪਿੰਡ ਤਲੱਣ ਵਿਖੇ ਸਥਿਤ ਅੰਤਰ ਰਾਸ਼ਟਰੀ ਪੱਧਰ ਉਤੇ ਪ੍ਰਸਿੱਧ ਗੁਰਦੁਆਰਾ ਸ਼ਹੀਦਾ ਜਿੱਥੇ ਹਰ ਹਫਤੇ ਲੱਖਾਂ ਸ਼ਰਧਾਲੂ ਦੇਸ਼ਾਂ ਵਿਦੇਸ਼ਾਂ ਤੋਂ ਆਉਂਦੇ ਹਨ, ਨੂੰ ਜਾਂਦੀ ਸੜਕ ਦੀ ਹਾਲਤ ਬਹੁਤ ਖਰਾਬ ਹੈ; ਸੜਕ ਭੀੜੀ ਅਤੇ ਖਰਾਬ ਹੋਣ ਕਾਰਨ ਜਿੱਥੇ ਸੰਗਤਾਂ ਨੂੰ ਸਮਾਂ ਵੀ ਜ਼ਿਆਦਾ ਲਗਦਾ ਹੈ, ਉਥੇ ਕਈ ਵਾਰ ਛੋਟੇ ਮੋਟੇ ਹਾਦਸੇ ਵੀ ਹੁੰਦੇ ਰਹਿੰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਜਲੰਧਰ ਸ਼ਹਿਰ ਤੋਂ ਤਲੱਣ ਸਾਹਿਬ ਨੂੰ ਜਾਂਦੀ ਵਿਲਵਾਂ ਤਲੱਣ ਰੋਡ ਨੂੰ ਚੌੜਾ ਕਰਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਹਾਉਸ ਬਿਲਡਿੰਗ ਸੁਸਾਇਟੀ ਨੂੰ ਆਪਣੇ ਹੱਥ ਵਿੱਚ ਲੈਣਾ**

*3151. **ਸਰਦਾਰ ਕੰਵਰ ਸੰਧੂ, ਐਮ.ਐਲ.ਏ**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਵਿੱਤੀ ਸਾਲ 2020-21 ਦੇ ਦੌਰਾਨ ਐਮ.ਸੀ. ਖਰੜ ਜਿਲ੍ਹਾ ਮੁਹਾਲੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸ਼ਹਿਰ ਖਰੜ ਵਿੱਚ ਕਿਸੇ ਹਾਊਸ ਬਿਲਡਿੰਗ ਸੁਸਾਇਟੀ ਨੂੰ ਆਪਣੇ ਹੱਥ ਵਿੱਚ ਲੈਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਕੀ ਇਹ ਠੀਕ ਹੈ ਕਿ ਖਰੜ ਦੇ ਕੁਰਾਲੀ ਰੋਡ ਤੇ ਇਕ ਹਾਊਸਿੰਗ ਸੁਸਾਇਟੀ ਦੀ ਜਲ ਸਪਲਾਈ ਪ੍ਰਣਾਲੀ ਨੂੰ ਆਪਣੇ ਹੱਥ ਵਿੱਚ ਲੈਣ ਲਈ ਸਾਲ 2019 ਵਿੱਚ ਇੱਕ ਮਤਾ ਪਾਸ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਹ ਕੰਮ ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਕੀ ਸੜਕਾਂ ਦੀ ਮੁਰੰਮਤ ਲਾਈਟਿੰਗ ਅਤੇ ਸੀਵਰੇਜ਼ ਪ੍ਰਣਾਲੀ ਵਰਗੀਆਂ ਹੋਰ ਸਹੂਲਤਾਂ ਕਮੇਟੀ ਦੁਆਰਾ ਦਿੱਤੀਆਂ ਜਾਣਗੀਆਂ?

**ਹਲਕਾ ਕਪੂਰਥਲਾ ਵਿੱਚ ਪਿੰਡਾਂ ਦੇ ਛੱਪੜਾਂ ਦੀ ਕਾਇਆ-ਕਲਪ ਲਈ ਗ੍ਰਾਂਟ ਜਾਰੀ ਕਰਨਾ**

*3189. **ਰਾਣਾ ਗੁਰਜੀਤ ਸਿੰਘ, ਐਮ.ਐਲ.ਏ**:-ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਵਲੋਂ ਵਿਧਾਨ ਸਭਾ ਹਲਕਾ ਕਪੂਰਥਲਾ ਵਿੱਚ ਪਿੰਡਾਂ ਦੇ ਛੱਪੜਾਂ ਦੀ ਕਾਇਆ-ਕਲਪ ਲਈ ਗ੍ਰਾਂਟ ਜਾਰੀ ਕਰ ਦਿੱਤੀ ਗਈ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਬੰਧਤ ਪਿੰਡਾਂ ਦੇ ਨਾਮ ਅਤੇ ਸਬੰਧਤ ਅਥਾਰਟੀ/ਗ੍ਰਾਮ ਪੰਚਾਇਤਾਂ ਦੁਆਰਾ ਉਕੱਤ ਗ੍ਰਾਂਟਾਂ ਕਿਸ ਮਿਤੀ ਨੂੰ ਪ੍ਰਾਪਤ ਕੀਤੀਆਂ ਗਈ;

ੲ) ਉਪਰੋਕਤ ਭਾਗ (ੳ) ਵਿੱਚ ਦਰਸਾਏ ਕਾਇਆ-ਕਲਪ ਕੀਤੇ ਗਏ ਕਾਰਜਾ ਦੀ ਮੌਜੂਦਾ ਸਥਿਤੀ ਕੀ ਹੈ;

ਸ) ਜੇਕਰ ਉਪਰੋਕਤ ਨਵੀਨੀਕਰਨ ਦੇ ਕੰਮ ਨਹੀਂ ਕੀਤੇ ਗਏ ਤਾਂ ਇਸ ਦੇ ਕੀ ਕਾਰਣ ਹਨ?

**ਲੁਧਿਆਣਾ ਰਾਹੋਂ ਰੋਡ ਤੇ ਵਾਟਰ ਸਪਲਾਈ ਦੀਆਂ ਪਾਈਪਾਂ ਬਦਲਣਾ**

*3281. **ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਐਮ.ਐਲ.ਏ**:-ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਸਾਹਨੇਵਾਲ ਵਿੱਚੋਂ ਲੰਘਦੀ ਲੁਧਿਆਣਾ ਰਾਹੋਂ ਰੋਡ ਤੇ ਵਾਟਰ ਸਪਲਾਈ ਦੀਆਂ ਪਾਈਪਾਂ ਪਿਛਲੇ ਚਾਰ ਸਾਲਾਂ ਤੋਂ ਲੀਕ ਕਰ ਰਹੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਸਰਕਾਰ ਵੱਲੋਂ ਇਸ ਸਮੱਸਿਆ ਨੂੰ ਹੱਲ ਕਰਨ ਲਈ ਹੁਣ ਤੱਕ ਕਿਹੜੇ ਕਿਹੜੇ ਉਪਰਾਲੇ ਕੀਤੇ ਗਏ ਹਨ; ਅਤੇ

ੲ) ਇਸ ਸਮੱਸਿਆ ਦਾ ਸਦੀਵੀ ਹੱਲ ਕਦੋਂ ਤੱਕ ਹੋ ਜਾਵੇਗਾ ਅਤੇ ਕੀ ਇਸ ਲਈ ਕੋਈ ਸਮਾਂ ਸੀਮਾ ਤਹਿ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਕੋਵਿਡ ਮਹਾਂਮਾਰੀ ਦੌਰਾਨ ਪ੍ਰਵਾਸੀ ਮਜਦੂਰਾਂ ਨੂੰ ਉਹਨਾਂ ਦੇ ਘਰਾਂ ਵਿਚ ਭੇਜਣ ਤੇ ਖਰਚ ਕੀਤੀ ਰਕਮ ਦੇ ਵੇਰਵੇ**

*2947. **ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੋਵਿਡ-19 ਮਹਾਂਮਾਰੀ ਦੌਰਾਨ ਪੰਜਾਬ ਸਰਕਾਰ ਨੇ ਰਾਜ ਵਿੱਚੋਂ ਕਿੰਨੇ ਪ੍ਰਵਾਸੀ ਮਜ਼ਦੂਰਾਂ ਨੂੰ ਵਾਪਸ ਉਹਨਾਂ ਦੇ ਘਰਾਂ ਵਿੱਚ ਭੇਜਿਆ ਅਤੇ ਇਸ ਕੰਮ ਤੇ ਰਾਜ ਸਰਕਾਰ ਵੱਲੋਂ ਕਿਹੜੇ ਫੰਡ ਵਿੱਚੋਂ ਅਤੇ ਕੁੱਲ ਕਿੰਨੀ ਰਕਮ ਕਦੋਂ-2 ਖਰਚ ਕੀਤੀ ਗਈ ਵੇਰਵੇ ਸਹਿਤ ਦੱਸਿਆ ਜਾਵੇ?

**ਗੁਰਦਾਸਪੁਰ-ਮੁਕੇਰੀਆਂ ਰੋਡ ਤੇ ਰੇਲਵੇ ਅੰਡਰ ਬ੍ਰਿਜ ਦਾ ਨਿਰਮਾਣ**

*3303. **ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਐਮ.ਐਲ.ਏ.**:-ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਗੁਰਦਾਸਪੁਰ ਮੁਕੇਰੀਆਂ ਰੋਡ ਤੇ ਰੇਲਵੇ ਅੰਡਰ ਬਰਿਜ਼ (ਆਰ.ਯੂ.ਬੀ.) ਦਾ ਕੰਮ ਕੱਦੋਂ ਤੱਕ ਸ਼ੁਰੂ ਕੀਤਾ ਜਾਵੇਗਾ;

ਅ) ਕੀ ਇਹ ਠੀਕ ਹੈ ਕਿ ਗੁਰਦਾਸਪੁਰ-ਮੁਕੇਰੀਆਂ ਰੋਡ ਜਿਸ ਤੇ ਬਹੁਤ ਜ਼ਿਆਦਾ ਆਵਾਜਾਈ ਹੈ; ਅਤੇ ਉਥੇ ਅਨੇਕਾਂ ਹਾਦਸੇ ਹੁੰਦੇ ਰਹਿੰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਉਸ ਸੜ੍ਹਕ ਨੂੰ ਕਦੋਂ ਤੱਕ ਚੌੜਾ ਕੀਤਾ ਜਾਵੇਗਾ?

**ਨਗਰ ਪੰਚਾਇਤ ਬੇਗੋਵਾਲ ਵਿਚ ਪਾਏ ਨਕਾਰਾ ਸੀਵਰੇਜ਼ ਦੀ ਰਿਪੇਅਰ**

*3123. **ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.**:-ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਗਰ ਪੰਚਾਇਤ ਬੇਗੋਵਾਲ ਵਿੱਚ ਪਾਏ ਸੀਵਰੇਜ ਦੇ ਨਕਾਰਾ ਹੋਣ ਕਾਰਨ ਇਸ ਦੀ ਰਿਪੇਅਰ ਕੀਤੇ ਜਾਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਰਿਪੇਅਰ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ ਅਤੇ ਇਸ ਉੱਪਰ ਸੰਭਾਵਿਤ ਕਿੰਨਾ ਖਰਚਾ ਆਉਣ ਦੀ ਸੰਭਾਵਨਾ ਹੈ?

**ਸ੍ਰੀ ਗੁਰੂ ਤੇਗ ਬਹਾਦਰ ਸਟੇਟ ਲਾਅ ਯੂਨੀਵਰਸਿਟੀ ਕੈਰੋਂ ਦਾ ਨੀਂਹ ਪੱਥਰ ਰੱਖਣਾ**

*3307. **ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ.**:-ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਲਾਅ ਯੂਨੀਵਰਸਿਟੀ ਕੈਰੋਂ (ਤਰਨਤਾਰਨ) ਦਾ ਨੀਂਹ ਪੱਥਰ ਕਦੋਂ ਤੱਕ ਰੱਖਣ ਦੀ ਸੰਭਾਵਨਾ ਹੈ ਅਤੇ ਇੱਥੇ ਅੰਦਾਜ਼ਨ ਕਦੋਂ ਤੱਕ ਕਲਾਸਾਂ ਸ਼ੁਰੂ ਕਰਨ ਦੀ ਸੰਭਾਵਨਾ ਹੈ?

**ਲਾਂਡਰਾਂ-ਸਰਹਿੰਦ ਰੋਡ ਨੂੰ ਚੁੰਹ ਮਾਰਗੀ ਕਰਨਾ**

*3287. **ਸਰਦਾਰ ਗੁਰਪ੍ਰੀਤ ਸਿੰਘ ਜੀ.ਪੀ., ਐਮ.ਐਲ.ਏ**:- ਕੀ ਲੋਕ ਨਿਰਮਾਣ ਵਿਭਾਗ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਲਾਂਡਰਾਂ-ਸਰਹਿੰਦ ਰੋਡ, ਜਿਸ ਉਤੇ ਚੰਡੀਗੜ੍ਹ ਸ਼ਹਿਰ ਨੂੰ ਜੋੜਨ ਕਰਕੇ ਭਾਰੀ ਆਵਾਜਾਈ ਰਹਿੰਦੀ ਹੈ, ਨੂੰ ਨੇੜਲੇ ਭਵਿੱਖ ਵਿੱਚ ਚਹੁੰ ਮਾਰਗੀ ਕਰਨ ਤੇ ਵਿਚਾਰ ਕਰੇਗੀ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।

ਚੰਡੀਗੜ੍ਹ
ਮਿਤੀ 09 ਮਾਰਚ, 2021

9/3/21
ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ